StartingBlocks.gov.au

# ਬੱਚਿਆਂ ਲਈ ਪ੍ਰੋਗਰਾਮ

ਬਾਲ ਸੰਭਾਲ ਵਿੱਚ ਬੱਚਿਆਂ ਲਈ ਪ੍ਰੋਗਰਾਮ ਬਣਾਉਣ ਵਿੱਚ ਪਾਠਕ੍ਰਮ ਯੋਜਨਾ ਲਿਖਣ ਲਈ ਬਹੁਤੀ ਜਾਣਕਾਰੀ ਇਕੱਠੀ ਕਰਨਾ ਸ਼ਾਮਲ ਹੁੰਦਾ ਹੈ। ਇਸਦਾ ਅਰਥ ਹੈ ਕਿ ਬੱਚਿਆਂ ਦੀ ਰੋਜ਼ਾਨਾ ਦੀ ਗਤੀਵਿਧੀਆਂ ਖਾਸ ਸਿਖਲਾਈ ਦੇ ਨਤੀਜਿਆਂ ਮੁਤਾਬਕ ਬਣੀਆਂ ਹੁੰਦੀਆਂ ਹਨ। ਪ੍ਰੋਗਰਾਮਾਂ ਨੂੰ ਹਰ ਬੱਚੇ ਦੀ ਰੁਚੀਆਂ, ਖੂਬੀਆਂ, ਅਨੁਭਵਾਂ, ਸੱਭਿਆਚਾਰ ਅਤੇ ਲੋੜਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਿੱਚ ਗੁਣਵੱਤਾ ਭਰਪੂਰ ਪ੍ਰੋਗਰਾਮ ਬੱਚਿਆਂ ਨੂੰ ਉਹਨਾਂ ਦੇ ਸਿਖਲਾਈ ਅਤੇ ਵਿਕਾਸ ਦੇ ਸਾਰੇ ਖੇਤਰਾਂ ਵਿੱਚ ਮਦਦ ਅਤੇ ਸੇਧ ਲਈ ਤਿਆਰ ਕੀਤੇ ਜਾਂਦੇ ਹਨ।

## ਪ੍ਰੋਗਰਾਮਾਂ ਦੀ ਯੋਜਨਾ ਕਿਵੇਂ ਬਣਾਈ ਜਾਂਦੀ ਹੈ?

ਬੱਚਿਆਂ ਲਈ ਪ੍ਰੋਗਰਾਮ ਦੀ ਯੋਜਨਾ ਬਣਾਉਣਾ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਕਰਮਚਾਰੀ ਅਜਿਹੇ ਅਨੁਭਵ ਅਤੇ ਗਤੀਵਿਧੀਆਂ ਬਣਾਉਂਦੇ ਹਨ ਜੋ ਹਰ ਬੱਚੇ ਦੀ ਸੋਚ, ਹੁਨਰ, ਰੁਚੀਆਂ ਅਤੇ ਯੋਗਤਾਵਾਂ ਦੇ ਵਿਕਾਸ ਅਤੇ ਵਾਧੇ ‘ਤੇ ਕੇਂਦਰਤ ਹੁੰਦੀਆਂ ਹਨ।

ਇਹ ਪ੍ਰੋਗਰਾਮ:

- ਨਿਰੀਖਣਾਂ ਅਤੇ ਬੱਚਿਆਂ ਨਾਲ ਗੱਲਬਾਤ ਦੇ ਦਰਜ ਕੀਤੇ ਰਿਕਾਰਡਾਂ ਦੇ ਅਧਾਰ ‘ਤੇ ਇਹ ਇੱਕ ਲਿਖਤੀ ਯੋਜਨਾ ਹੋਵੇਗੀ
- ਬੱਚਿਆਂ ਦੀ ਲੋੜਾਂ, ਰੁਚੀਆਂ ਅਤੇ ਯੋਗਤਾਵਾਂ ਦੀ ਲਿਖਤੀ ਪ੍ਰੋਫਾਈਲਾਂ ਦੀ ਵਾਰ-ਵਾਰ ਵਰਤੋਂ ਕਰੇਗਾ
- ਬੱਚਿਆਂ ਨੂੰ ਕਿਹੜੇ ਅਨੁਭਵ ਅਤੇ ਕਿਉਂ ਪ੍ਰਦਾਨ ਕੀਤੇ ਜਾ ਰਹੇ ਹਨ, ਇਹ ਸਮਝਣ ਦੀ ਲਗਾਤਾਰ ਪ੍ਰਕਿਰਿਆ ਦੁਆਰਾ ਬੱਚਿਆਂ ਲਈ ਯੋਜਨਾ ਬਣਾਏਗਾ
- ਸੇਵਾ ਵਾਸਤੇ ਨਿਵੇਕਲਾ ਬਣੇਗਾ ਅਤੇ ਅਕਸਰ ਹੋਰਾਂ ਸੇਵਾਵਾਂ ਦੇ ਪ੍ਰੋਗਰਾਮਾਂ ਤੋਂ ਵੱਖਰਾ ਹੋਵੇਗਾ

ਮਾਪੇ ਆਪਣੇ ਬੱਚੇ ਦੇ ਪ੍ਰੋਗਰਾਮ ਨੂੰ ਉਹਨਾਂ ਨੂੰ ਇਹ ਸਮਝਾਉਣ ਵਿੱਚ ਮਦਦ ਕਰਨ ਲਈ ਬੇਨਤੀ ਕਰ ਸਕਦੇ ਹਨ ਕਿ ਸਿਖਿਅਕ ਉਹਨਾਂ ਦੇ ਬੱਚੇ ਦੇ ਪਿਛਲੇ ਅਨੁਭਵਾਂ, ਰੁਚੀਆਂ ਅਤੇ ਸਫਲਤਾਵਾਂ ‘ਤੇ ਅਧਾਰ ‘ਤੇ ਯੋਜਨਾ ਕਿਵੇਂ ਬਣਾਉਂਦੇ ਹਨ।

## ਇੱਕ ਪ੍ਰੋਗਰਾਮ ਕਿਵੇਂ ਦਿਖਾਈ ਦੇਣਾ ਚਾਹੀਦਾ ਹੈ?

ਪ੍ਰੋਗਰਾਮਾਂ ਵਿੱਚ ਬੱਚਿਆਂ ਦੇ ਸਿਖਲਾਈ ਅਤੇ ਵਿਕਾਸ ਦੇ ਸਾਰੇ ਖੇਤਰਾਂ ਲਈ ਯੋਜਨਾ ਬਣਾਉਣਾ ਸ਼ਾਮਲ ਹੋਣਾ ਚਾਹੀਦਾ ਹੈ, ਜਿਹਨਾਂ ਵਿੱਚ ਸ਼ਾਮਲ ਹਨ:

- ਸਰੀਰਕ ਹੁਨਰ (ਵੱਡੀ ਅਤੇ ਛੋਟੀ ਮਾਸਪੇਸ਼ੀਆਂ)
- ਭਾਸ਼ਾ ਅਤੇ ਸਾਖਰਤਾ ਦੇ ਹੁਨਰ
- ਵਿਅਕਤੀਗਤ ਅਤੇ ਆਪਸੀ ਮੇਲ-ਜੋਲ ਦੇ ਹੁਨਰ
- ਸਾਰਥਕ ਕਲਾਵਾਂ ਵਿੱਚ ਰਚਨਾਤਮਕਤਾ ਅਤੇ ਹੁਨਰ
- ਸਮੱਸਿਆ ਨੂੰ ਹੱਲ ਕਰਨ, ਸੋਚਣ ਅਤੇ ਗਣਿਤ ਸਬੰਧੀ ਯੋਗਤਾਵਾਂ।

ਬੱਚੇ ਦੀ ਉਮਰ ਜਾਂ ਵਿਕਾਸ ਦੇ ਪੱਧਰ ਦੇ ਅਧਾਰ ‘ਤੇ ਇਹ ਸਮਝਾਂ ਅਤੇ ਹੁਨਰ ਵਿਕਸਤ ਕਰਨ ਦੀ ਗਤੀਵਿਧੀਆਂ ਅਤੇ ਅਨੁਭਵ ਵੱਖਰੇ ਦਿਖਾਈ ਦੇਣਗੇ।



### + ਬਹੁਤ ਛੋਟੇ ਬੱਚੇ

ਬੱਚੇ ਲਈ ਪ੍ਰੋਗਰਾਮਾਂ ਨੂੰ ਆਮ ਤੌਰ ‘ਤੇ ਵਿਅਕਤੀਗਤ ਬਣਾਇਆ ਜਾਵੇਗਾ, ਜੋ ਨਿੱਤ-ਨੇਮ ‘ਤੇ ਅਤੇ ਬੱਚੇ ਅਤੇ ਸਿਖਿਅਕ ਵਿੱਚ ਆਹਮਣੇ-ਸਾਹਮਣੇ ਗੱਲਬਾਤ ‘ਤੇ ਕੇਂਦਰਤ ਹੋਣਗੇ।। ਇਨ੍ਹਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਭੋਜਨ ਅਤੇ ਨੈਪੀ ਬਦਲਣ ਦਾ ਸਮਾਂ
- ਸੌਣ ਅਤੇ ਸ਼ਾਂਤ ਕਰਨ ਦੇ ਨਿੱਤ-ਨੇਮ।

### + ਛੋਟੇ ਬੱਚੇ

ਛੋਟੇ ਬੱਚਿਆਂ ਲਈ ਪ੍ਰੋਗਰਾਮਾਂ ਵਿੱਚ ਆਮ ਤੌਰ ‘ਤੇ ਉਨ੍ਹਾਂ ਦੀ ਭਾਸ਼ਾ, ਸੁਤੰਤਰਤਾ ਅਤੇ ਸਮਾਜਕ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਮਦਦ ਕਰਨ ‘ਤੇ ਜ਼ੋਰ ਦਿੱਤਾ ਜਾਂਦਾ ਹੈ। ਯੋਜਨਾਬੱਧ ਅਨੁਭਵ ਅਕਸਰ ਇਹਨਾਂ ‘ਤੇ ਕੇਂਦਰਤ ਹੋਣਗੇ:

- ਛੋਟੇ ਬੱਚਿਆਂ ਨੂੰ ਖੇਡ ਵਿੱਚ ਹਿੱਸਾ ਲੈਣ ਵਿੱਚ ਮਦਦ ਕਰਨਾ ਜਿੱਥੇ ਉਹ ਅਭਿਆਸ ਕਰ ਸਕਣ ਅਤੇ ਇਹਨਾਂ ਹੁਨਰਾਂ ਨੂੰ ਵਿਕਸਤ ਕਰ ਸਕਣ
- ਆਹਮਣੇ-ਸਾਹਮਣੇ ਅਤੇ ਛੋਟੇ ਸਮੂਹ ਵਿੱਚ ਗੱਲਾਂ-ਬਾਤਾਂ, ਜੋ ਬੱਚਿਆਂ ਨੂੰ ਉਨ੍ਹਾਂ ਅਨੁਭਵਾਂ ਵਿੱਚ ਰੁੱਝਣ ਦੀ ਸੁਵਿਧਾ ਦਿੰਦੀਆਂ ਹਨ, ਜੋ ਉਨ੍ਹਾਂ ਦੀ ਰੁਚੀਆਂ ਅਤੇ ਯੋਗਤਾਵਾਂ ਦੇ ਲਈ ਸਭ ਤੋਂ ਉੱਤਮ ਹਨ।

ਇੱਥੇ ਕਰਮਚਾਰੀ ਗਾਈਡ ਅਤੇ ਆਦਰਸ਼ ਵਜੋਂ ਕੰਮ ਕਰੇਗਾ, ਬੱਚਿਆਂ ਦੀ ਦੂਜਿਆਂ ਨਾਲ ਗੱਲਬਾਤ ਕਰਨ ਅਤੇ ਆਪਣੀ ਭਾਵਨਾਵਾਂ ਜ਼ਾਹਰ ਕਰਨ ਵਿੱਚ ਮਦਦ ਕਰੇਗਾ।

StartingBlocks.gov.au

### + ਸਕੂਲ ਜਾਣ ਤੋਂ ਪਹਿਲਾਂ ਵਾਲੀ ਉਮਰ ਦੇ ਬੱਚੇ

ਸਕੂਲ ਜਾਣ ਤੋਂ ਪਹਿਲਾਂ ਵਾਲੀ ਉਮਰ ਦੇ ਬੱਚਿਆਂ ਲਈ ਪ੍ਰੋਗਰਾਮ ਬੁਨਿਆਦੀ ਹੁਨਰਾਂ 'ਤੇ ਉਸਾਰੇ ਜਾਂਦੇ ਹਨ, ਜੋ ਪੜ੍ਹਨ, ਲਿਖਣ, ਵਿਗਿਆਨ ਅਤੇ ਗਣਿਤ 'ਤੇ ਕੇਂਦਰਤ ਹੁੰਦੇ ਹਨ। ਉਨ੍ਹਾਂ ਦੇ ਗਿਆਨ ਅਤੇ ਹੁਨਰਾਂ ਦਾ ਵਿਕਾਸ ਇਹਨਾਂ ਰਾਹੀਂ ਹੁੰਦਾ ਹੈ:

- ਯੋਜਨਾਬੱਧ, ਖੇਡ ਅਧਾਰਤ ਅਤੇ ਬੱਚਿਆਂ ਦੇ ਹਿੱਤਾਂ 'ਤੇ ਅਧਾਰਤ ਪ੍ਰੋਗਰਾਮ
- ਵਿਅਕਤੀਗਤ, ਛੋਟੀ ਅਤੇ ਵੱਡੀ ਸਮੂਹਕ ਗਤੀਵਿਧੀਆਂ ਦਾ ਸੁਮੇਲ
- ਉਨ੍ਹਾਂ ਦੇ ਅਨੁਭਵ ਬਾਰੇ ਚੋਣਾਂ, ਜਿਨ੍ਹਾਂ ਵਿੱਚ ਉਹ ਹਿੱਸਾ ਲੈਂਦੇ ਹਨ

ਕਰਮਚਾਰੀ ਬੱਚਿਆਂ ਵੱਲ ਧਿਆਨ ਦੇ ਕੇ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗੱਲ ਕਰਕੇ ਉਹਨਾਂ ਬਾਰੇ ਜਾਣੇਗਾ। ਉਹ ਰੋਜ਼ਾਨਾ ਗੱਲਬਾਤ ਰਾਹੀਂ ਵੀ ਬੱਚਿਆਂ ਨੂੰ ਜਾਣ ਸਕਣਗੇ।

### + ਸਕੂਲੀ ਉਮਰ ਦੇ ਬੱਚੇ

ਸਕੂਲ ਦੇ ਸਮੇਂ (ਘੰਟਿਆਂ) ਤੋਂ ਅੱਗੇ-ਪਿੱਛੇ ਸੇਵਾਵਾਂ ਵਿੱਚ ਸ਼ਾਮਲ ਸਕੂਲੀ ਉਮਰ ਦੇ ਬੱਚਿਆਂ ਲਈ ਪ੍ਰੋਗਰਾਮ ਉਹਨਾਂ ਦੇ ਰਸਮੀ ਸਕੂਲ ਪ੍ਰੋਗਰਾਮ ਦੇ ਪ੍ਰਤੀ ਜਵਾਬ-ਦੇਹ ਹੋਣੇ ਚਾਹੀਦੇ ਹਨ। ਯੋਜਨਾਬੱਧ ਅਨੁਭਵ ਇਹਨਾਂ 'ਤੇ ਕੇਂਦਰਤ ਹੋਣਗੇ:

- ਬੱਚਿਆਂ ਦੇ ਪਾਠਕ੍ਰਮ, ਮਨੋਰੰਜਕ ਅਤੇ ਸਮਾਜਕ ਗਤੀਵਿਧੀਆਂ
- ਸਕੂਲੀ ਦਿਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਤੇ ਸਕੂਲ ਦੀਆਂ ਛੁੱਟੀਆਂ ਦੌਰਾਨ ਆਰਾਮ ਕਰਨ ਦਾ ਸਮਾਂ
- ਯੋਜਨਾਬੱਧ ਅਨੁਭਵਾਂ ਬਾਰੇ ਫੈਸਲਾ ਲੈਣ ਵਿੱਚ ਸ਼ਾਮਲ ਹੋਣ ਲਈ ਬੱਚਿਆਂ ਨੂੰ ਉਤਸ਼ਾਹਤ ਕਰਨਾ

ਸਕੂਲੀ ਉਮਰ ਦੇ ਬੱਚਿਆਂ ਨਾਲ, ਕਰਮਚਾਰੀ ਮਨੋਰੰਜਨ, ਆਰਾਮ ਅਤੇ ਸਮਾਜਕ ਅਤੇ ਜੀਵਨ ਸਬੰਧੀ ਹੁਨਰਾਂ ਦੇ ਵਧੇਰੇ ਵਿਕਾਸ 'ਤੇ ਜ਼ੋਰ ਦੇਣਗੇ।

## ਪਰਿਵਾਰ, ਸੇਵਾ ਦੇ ਪ੍ਰੋਗਰਾਮ ਬਾਰੇ ਕਿਵੇਂ ਪਤਾ ਲਗਾ ਸਕਦੇ ਹਨ?

ਪਰਿਵਾਰਾਂ ਲਈ ਆਪਣੇ ਬੱਚੇ ਲਈ ਯੋਜਨਾਬੱਧ ਪ੍ਰੋਗਰਾਮ ਬਾਰੇ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਉਹ ਸੇਵਾ ਵਿੱਚ ਕਰਮਚਾਰੀਆਂ ਨਾਲ ਸੰਪਰਕ ਕਰਨ। ਪਰਿਵਾਰਾਂ ਦੁਆਰਾ ਪੁੱਛੇ ਜਾਣ ਵਾਲੇ ਕੁੱਝ ਉਪਯੋਗੀ ਸਵਾਲਾਂ ਵਿੱਚ ਇਹ ਸ਼ਾਮਲ ਹਨ:

- ਸੇਵਾ ਵਿੱਚ ਬੱਚਿਆਂ ਲਈ ਕਿਹੜੀਆਂ ਗਤੀਵਿਧੀਆਂ ਅਤੇ ਅਨੁਭਵ ਪ੍ਰਦਾਨ ਕੀਤੇ ਜਾਂਦੇ ਹਨ?
- ਕੀ ਇਹ ਲਿਖੀਆਂ ਹੋਈਆਂ ਹਨ, ਅਤੇ ਜੇ ਹਾਂ, ਤਾਂ ਕੀ ਪਰਿਵਾਰ ਇਨ੍ਹਾਂ ਯੋਜਨਾਵਾਂ ਨੂੰ ਦੇਖ ਸਕਦੇ ਹਨ?
- ਪਰਿਵਾਰਾਂ ਲਈ ਰੋਜ਼ਾਨਾ ਪ੍ਰੋਗਰਾਮ ਕਿਵੇਂ ਦਿਖਾਈ ਦਿੰਦਾ ਹੈ?
- ਸੇਵਾ ਵਿੱਚ ਕਰਮਚਾਰੀ ਇਹ ਕਿਵੇਂ ਨਿਰਧਾਰਤ ਕਰਦਾ ਹੈ ਕਿ ਬੱਚਿਆਂ ਲਈ ਕਿਹੜੀ ਗਤੀਵਿਧੀਆਂ, ਸਮੱਗਰੀ ਅਤੇ ਅਨੁਭਵ ਪ੍ਰਦਾਨ ਕਰਨੇ ਹਨ?
- ਕਰਮਚਾਰੀ ਇਹ ਕਿਵੇਂ ਪਤਾ ਲਗਾਉਂਦਾ ਹੈ ਕਿ ਬੱਚੇ ਮੁਹੱਈਆ ਕਰਵਾਏ ਜਾ ਰਹੇ ਪ੍ਰੋਗਰਾਮ ਦਾ ਲਾਭ ਉਠਾਉਂਦੇ ਹਨ ਅਤੇ ਅਨੰਦ ਮਾਣਦੇ ਹਨ?
- ਪਰਿਵਾਰ, ਬੱਚਿਆਂ ਲਈ ਪ੍ਰੋਗਰਾਮਾਂ ਦੀ ਯੋਜਨਾਬੰਦੀ ਅਤੇ ਮੁਲਾਂਕਣ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹਨ?

ਕਈ ਸੇਵਾਵਾਂ ਦਾਖਲੇ ਅਤੇ/ਜਾਂ ਦਿਸ਼ਾਮਾਨ ਪ੍ਰਕਿਰਿਆ ਦੌਰਾਨ ਪਰਿਵਾਰਾਂ ਨੂੰ ਪ੍ਰੋਗਰਾਮ ਬਣਾਉਣ ਦੇ ਤਰੀਕੇ ਬਾਰੇ ਦੱਸਦੀਆਂ ਹਨ। ਬਾਕੀ ਸੇਵਾਵਾਂ ਇਸ ਜਾਣਕਾਰੀ ਨੂੰ ਭਵਿੱਖ ਵਿੱਚ ਸਾਂਝਾ ਕਰ ਸਕਦੀਆਂ ਹਨ, ਤਾਂ ਜੋ ਆਰੰਭ ਵਿੱਚ ਬਹੁਤੀ ਜਾਣਕਾਰੀ ਮਿਲਣ 'ਤੇ ਪਰਿਵਾਰਾਂ ਪਰਿਵਾਰਾਂ ਉੱਤੇ ਦਬਾਅ ਨਾ ਪਵੇ। ਪਰਿਵਾਰ ਨਾਲ ਉਨ੍ਹਾਂ ਦੇ ਬੱਚੇ ਦੀ ਸਿਖਲਾਈ, ਵਿਕਾਸ, ਉਪਲਬਧੀਆਂ ਅਤੇ ਸਾਹਮਣੇ ਆਈਆਂ ਕਿਸੇ ਵੀ ਸਮੱਸਿਆਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਣੀ ਚਾਹੀਦੀ ਹੈ।

## ਪਰਿਵਾਰ ਆਪਣੇ ਬੱਚੇ ਲਈ ਪ੍ਰੋਗਰਾਮ ਦੀ ਯੋਜਨਾ ਬਣਾਉਣ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹਨ?

ਇੱਕ ਚੰਗਾ ਪ੍ਰੋਗਰਾਮ ਪਰਿਵਾਰਾਂ ਤੋਂ ਉਨ੍ਹਾਂ ਦੇ ਬੱਚੇ ਦੀ ਸੇਵਾ ਤੋਂ ਬਾਹਰ ਰੁਚੀਆਂ ਅਤੇ ਅਨੁਭਵਾਂ ਬਾਰੇ ਜਾਣਕਾਰੀ ਇਕੱਠੀ ਕਰੇਗਾ। ਸੇਵਾਵਾਂ ਦੁਆਰਾ ਅਜਿਹੀ ਜਾਣਕਾਰੀ ਇਕੱਠੀ ਕਰਨ ਦੇ ਕੁੱਝ ਤਰੀਕਿਆਂ ਵਿੱਚ ਇਹ ਸ਼ਾਮਲ ਹਨ:

- ਦਿਨ ਦੇ ਆਰੰਭ ਅਤੇ/ਜਾਂ ਅੰਤ ਵਿੱਚ ਪਰਿਵਾਰਾਂ ਨਾਲ ਰੋਜ਼ਾਨਾ ਗੱਲਬਾਤ ਕਰਨਾ।
- ਪਰਿਵਾਰਾਂ ਨਾਲ ਰਸਮੀ ਮੁਲਾਕਾਤਾਂ ਕਰਨਾ।
- ਘਰ ਅਤੇ ਸੇਵਾ ਵਿੱਚ ਬੱਚੇ ਬਾਰੇ ਪਰਿਵਾਰ ਅਤੇ ਕਰਮਚਾਰੀਆਂ ਵਿੱਚ ਜਾਣਕਾਰੀ ਸਾਂਝੀ ਕਰਨ ਲਈ ਸੰਚਾਰ ਕਿਤਾਬਾਂ (ਇਹ ਆਮ ਤੌਰ ਤੇ ਬੱਚੇ ਅਤੇ ਛੋਟੇ ਬੱਚਿਆਂ ਲਈ ਵਰਤੀਆਂ ਜਾਂਦੀਆਂ ਹਨ)।
- ਪ੍ਰੋਗਰਾਮ ਦੇ ਦਸਤਾਵੇਜ਼ ਬਣਾਉਣ ਵਿੱਚ ਰੋਜ਼ਾਨਾ ਡਾਇਰੀਆਂ ਜਾਂ ਖਾਲ੍ਹੀ ਥਾਂਵਾਂ ਜਿੱਥੇ ਪਰਿਵਾਰ ਆਪਣੇ ਬੱਚੇ ਦੀ ਰੁਚੀਆਂ ਅਤੇ ਅਨੁਭਵਾਂ ਬਾਰੇ ਆਪਣੇ ਵਿਚਾਰ, ਸੁਝਾਅ ਅਤੇ ਜਾਣਕਾਰੀ ਲਿਖ ਸਕਦੇ ਹਨ।

